# ਆਪਣੇ ਕਾਰੋਬਾਰ ਦਾ ਵਿਸਥਾਰ ਕਰਨ ਤੋਂ ਪਹਿਲਾਂ ਵਿਚਾਰਨ ਵਾਲੀਆਂ ਗੱਲਾਂ

ਆਪਣੇ ਕਾਰੋਬਾਰ ਦਾ ਵਿਸਥਾਰ ਕਰਨ ਵਿੱਚ ਆਮ ਤੌਰ `ਤੇ ਸਿਰੜ ਅਤੇ ਸਖ਼ਤ ਮਿਹਨਤ ਦੀ ਲੋੜ ਪੈਂਦੀ ਹੈ। ਚਾਹੇ ਤੁਹਾਡਾ ਕਾਰੋਬਾਰ ਵੱਡਾ ਹੋਵੇ ਚਾਹੇ ਛੋਟਾ, ਵਿਚਾਰ ਕੀਤੇ ਜਾਣ ਲਾਇਕ ਅਨੇਕਾਂ ਹੀ ਨਿਜੀ ਅਤੇ ਕਾਰਜ-ਵਿਧੀ ਨਾਲ ਸੰਬੰਧਤ ਮੁੱਦੇ ਹੁੰਦੇ ਹਨ।

## ਨਿਜੀ ਤਰਕ

ਆਪਣਾ ਕਾਰੋਬਾਰ ਵਧਾਉਣ ਲਈ ਆਪਣੇ ਪ੍ਰੇਰਕਾਂ ਦਾ, ਅਤੇ ਆਪਣੀ ਨਿਜੀ ਅਤੇ ਪਰਿਵਾਰਕ ਜ਼ਿੰਦਗੀ ਉੱਤੇ ਇਸ ਦੇ ਹੋ ਸਕਣ ਵਾਲੇ ਅਸਰਾਂ ਦਾ ਮੁੱਲਾਂਕਣ ਕਰੋ। ਵਿਚਾਰ ਕਰੋ:

- ਕੀ ਤੁਸੀਂ ਲੋੜ ਪੈਣ `ਤੇ ਕਾਰੋਬਾਰ ਲਈ ਹੋਰ ਸਮਾਂ ਲਾਉਣ ਵਾਸਤੇ ਤਿਆਰ ਹੋ?
- ਕੀ ਤੁਹਾਡੇ ਪਰਿਵਾਰ ਨੂੰ ਪਤਾ ਹੈ ਕਿ ਤੁਹਾਨੂੰ ਆਪਣੇ ਕਾਰੋਬਾਰ ਲਈ ਵਧੇਰੇ ਸਮਾਂ ਦੇਣਾ ਪਵੇਗਾ?
- ਕੀ ਤੁਹਾਨੂੰ ਕੁੱਝ ਨਿਜੀ ਵਿੱਤੀ ਸਾਧਨ ਨਿਵੇਸ਼ ਕਰਨ ਦੀ ਲੋੜ ਪਵੇਗੀ?
- ਕੀ ਵਿਸਥਾਰ ਤੁਹਾਡੇ ਥੋੜ੍ਹੇ ਅਰਸੇ ਅਤੇ ਲੰਮੇ ਅਰਸੇ ਦੇ ਕਾਰੋਬਾਰੀ ਉਦੇਸ਼ਾਂ ਮੁਤਾਬਕ ਹੈ?
- ਕੀ ਨਿਵੇਸ਼ ਤੋਂ ਹੋਣ ਵਾਲ਼ਾ ਮੁਨਾਫ਼ਾ ਤੁਹਾਡੇ ਸਮੇਂ ਅਤੇ ਯਤਨ ਦਾ ਮੁੱਲ ਮੋੜਦਾ ਹੈ?
- ਕੀ ਤੁਹਾਨੂੰ ਕਾਰੋਬਾਰ ਫਿਰ ਵੀ ਚੰਗਾ ਲੱਗੇਗਾ?
- ਕੀ ਤੁਸੀਂ ਜ਼ੋਖ਼ਮ ਲੈਣ ਲਈ ਤਿਆਰ ਹੋ?
- ਕੀ ਵਾਧੇ ਦਾ ਇੰਤਜ਼ਾਮ ਕਰਨ ਲਈ ਤੁਹਾਡੇ ਕੋਲ ਸਹੀ ਹੁਨਰ ਅਤੇ ਕਾਬਲੀਅਤਾਂ ਹਨ? ਜੇ ਨਹੀਂ, ਤਾਂ ਤੁਸੀਂ ਇਨ੍ਹਾਂ ਨੂੰ ਕਿੱਥੋਂ ਹਾਸਲ ਕਰੋਗੇ?



Acclr, par le biais de son service d'intelligence d'affaires, reçoit le soutien financier de Développement économique Canada pour les régions du Québec et est membre du Réseau Entreprises Canada.
Acclr, through its business intelligence department, receives financial support from Canada Economic Development for Quebec Regions and is a member of the Canada Business Network.
Développement économique Canada pour les régions du Québec
Canada Economic Development for Quebec Regions

ਜੇ ਤੁਹਾਡਾ ਕਾਰੋਬਾਰ ਘਰ ਵਿੱਚ ਹੀ ਆਧਾਰਿਤ ਹੈ:

- ਕੀ ਤੁਹਾਡੇ ਘਰ ਤਕ ਆਉਣ ਵਾਲੀ ਵਧੀਕ ਆਵਾਜਾਈ ਨਾਲ ਤੁਹਾਡੀ ਜਾਂ ਤੁਹਾਡੇ ਪਰਿਵਾਰ ਦੀ ਭੇਤਦਾਰੀ `ਤੇ ਅਸਰ ਪਵੇਗਾ?
- ਕੀ ਇਸ ਨਾਲ ਤੁਹਾਡੇ ਗਵਾਂਢੀ ਪ੍ਰੇਸ਼ਾਨ ਹੋਣਗੇ? ਕੁਝ ਮਿਊਨਿਸਪੈਲਟੀਆਂ ਰਿਹਾਇਸ਼ੀ ਇਲਾਕਿਆਂ ਲਈ ਨਿਯਮ ਤੈਅ ਕਰਦੀਆਂ ਹਨ। ਵਿਸਥਾਰ ਕਰਨ ਤੋਂ ਪਹਿਲਾਂ ਬੰਦਿਸ਼ਾਂ ਜਾਂ ਲੋੜਾਂ ਦੀ ਜਾਂਚ ਕਰ ਲੈਣਾ ਨਾ ਭੁੱਲਣਾ।

## ਵਿਚਾਰ ਕਰਨ ਵਾਲੀਆਂ ਕਾਰਜਵਿਧੀਆਂ ਨਾਲ ਸੰਬੰਧਤ ਗੱਲਾਂ

ਖੋਜ ਤੋਂ ਪਤਾ ਲੱਗਦਾ ਹੈ ਕਿ ਜਦੋਂ ਕਾਰੋਬਾਰ ਵਾਧੇ ਲਈ ਤਿਆਰ ਨਾ ਹੋਵੇ, ਉਸ ਵਕਤ ਵਾਧੇ ਦੀ ਕੋਸ਼ਿਸ਼ ਕਰਨਾ ਕਾਰੋਬਾਰਾਂ ਦੇ ਨਾਕਾਮ ਹੋਣ ਦਾ ਇੱਕ ਮੁੱਖ ਕਾਰਣ ਹੈ।

ਵਾਧੇ ਨਾਲ ਤੁਹਾਡੇ ਨਕਦੀ ਦੇ ਵਹਾਅ `ਤੇ; ਤੁਹਾਡੀ ਨਿਰਮਾਣ ਸਮਰੱਥਾ ਜਾਂ ਸੇਵਾਵਾਂ ਪੇਸ਼ ਕਰਨ ਦੀ ਕਾਬਲੀਅਤ `ਤੇ ਕਸਾਅ ਵਧਦਾ ਹੈ; ਇਸ ਲਈ ਇਹ ਗੱਲ ਯਕੀਨੀ ਬਣਾ ਲਵੋ ਕਿ ਤੁਹਾਡਾ ਕਾਰੋਬਾਰ ਪੱਕੇ ਪੈਰੀਂ ਹੋਵੇ। ਆਪਣੇ ਵਿਚਾਰਾਂ `ਤੇ ਧਿਆਨ ਨਾਲ ਖੋਜ ਕਰੋ ਅਤੇ ਆਪਣੇ ਕਾਰਵਾਈਆਂ `ਤੇ ਹੋਣ ਵਾਲੇ ਅਸਰਾਂ `ਤੇ ਗੌਰ ਕਰੋ। ਇਹ ਵਿਚਾਰੋ ਕਿ ਕੀ ਇਹ ਯਤਨ ਕਰਨ ਲਈ ਤੁਸੀਂ ਅਤੇ ਤੁਹਾਡੀ ਟੀਮ ਪੂਰੀ ਤਰ੍ਹਾਂ ਪੱਕਾ ਇਰਾਦਾ ਰੱਖਦੇ ਹੋ।

ਜੇ ਤੁਸੀਂ ਅੱਗੇ ਵਧਣ ਲਈ ਤਿਆਰ ਹੋ ਤਾਂ ਆਪਣਾ ਕਾਰੋਬਾਰ ਵਧਾਉਣ ਦੇ ਤਰੀਕਿਆਂ ਅਤੇ ਆਪਣੇ ਨਿਸ਼ਾਨਿਆਂ ਦੀ ਪ੍ਰਾਪਤੀ ਲਈ ਲੋੜੀਂਦੀਆਂ ਆਮ ਗਤੀਵਿਧੀਆਂ ਵਿੱਚੋਂ ਕੁੱਝ `ਤੇ ਇੱਕ ਨਜ਼ਰ ਮਾਰੋ।